# ਰਾਜ ਵਿਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ,ਬਲਾਕ ਈ,ਛੇਵੀ ਮੰਜਿਲ, ਫੇਜ਼-8, ਮੋਹਾਲੀ,
ਈ-ਮੇਲ: directorscert@punjabeducation.gov.in,ਫੋਨ ਨੰਬਰ:0172-2212221

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਪੰਜਾਬ।

ਮੀਮੋ ਨੰ. e - 447994/SCERT/English/2025/23560
ਮਿਤੀ: 27.01.25

**ਵਿਸ਼ਾ: ਸੈਸ਼ਨ 2024-25 ਦੀਆਂ ਸਾਲਾਨਾ ਪ੍ਰੀਖੀਆਵਾਂ ਦੌਰਾਨ ਨਾਨ-ਬੋਰਡ ਜਮਾਤਾਂ- 6ਵੀਂ, 7ਵੀਂ, 9ਵੀਂ ਅਤੇ 11ਵੀਂ ਦੇ ਅੰਗਰੇਜ਼ੀ ਵਿਸ਼ੇ ਦੇ INA/CCE ਸੰਬੰਧੀ।**

1.0 ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਦੱਸਣਯੋਗ ਹੈ ਕਿ ਸੈਸ਼ਨ 2024-25 ਦੀਆਂ ਸਲਾਨਾ ਪ੍ਰੀਖਿਆਵਾਂ ਦੌਰਾਨ 6ਵੀਂ ਅਤੇ 7ਵੀਂ ਦੇ ਅੰਗਰੇਜ਼ੀ ਵਿਸ਼ੇ ਦਾ ਸੀ.ਸੀ.ਈ ਅਤੇ ਅਤੇ 9ਵੀਂ ਅਤੇ 11ਵੀਂ ਜਮਾਤ ਦਾ INA ਲਿਆ ਜਾਣਾ ਹੈ।ਇਸ ਸੰਬੰਧੀ ਸਕੂਲ ਮੁੱਖੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਉਕਤ ਸੰਬੰਧੀ ਜਾਣੂ ਕਰਵਾਉਣ ਲਈ ਜ਼ਰੂਰੀ ਹਦਾਇਤਾਂ ਜਾਰੀ ਕੀਤੀਆਂ ਜਾ ਰਹੀਆਂ ਹਨ।

2.0 ਜਮਾਤ ਛੇਵੀਂ , ਸੱਤਵੀਂ, ਨੌਵੀਂ ਅਤੇ ਗਿਆਰ੍ਹਵੀਂ ਦੇ ਅੰਗਰੇਜ਼ੀ ਵਿਸ਼ੇ ਦੇ ਆਂਤਰਿਕ ਮੁਲਾਂਕਣ ਅਤੇ ਸੀ.ਸੀ.ਈ. ਦੀਆਂ ਹਦਾਇਤਾਂ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ,ਦੱਸਵੀਂ ਅਤੇ ਬਾਰ੍ਹਵੀਂ ਜਮਾਤ ਲਈ ਉਹਨਾਂ ਦੀ ਵੈਬਸਾਈਟ ਤੇ ਅਪਲੋਡ ਕੀਤੀਆਂ ਹਦਾਇਤਾਂ ਦੇ ਅਧਾਰ ਤੇ ਤਿਆਰ ਕੀਤੀਆਂ ਗਈਆਂ ਹਨ ।

3.0 ਅੰਗਰੇਜ਼ੀ ਵਿਸ਼ੇ ਦਾ CCE/INA ਸਕੂਲਾਂ ਵਿੱਚ ਅੰਗਰੇਜ਼ੀ ਵਿਸ਼ਾ ਪੜ੍ਹਾ ਰਹੇ ਅਧਿਆਪਕਾਂ ਦੁਆਰਾ ਜਮਾਤ 6ਵੀਂ, 7ਵੀਂ, 9ਵੀਂ ਅਤੇ 11ਵੀਂ ਲਈ ਮਿਤੀ 03.02.2025-15.02.2025 ਤੱਕ ਆਪਣੇ ਪੱਧਰ ਤੇ ਲਿਆ ਜਾਵੇ।

4.0 ਪ੍ਰੈਕਟੀਕਲ ਨਾਲ ਸੰਬੰਧਤ ਸਾਰਾ ਮਟੀਰੀਅਲ (Speaking Test ਲਈ Question bank/Speaking Activities, Listening Sheets ਅਤੇ Audios Clips) ssapunjab.org ਦੀ ਵੈਬਸਾਈਟ ਅਤੇ Punjab Educare App ਤੇ ਉਪਲਬਧ ਹੈ ਅਤੇ ਪੱਤਰ ਨਾਲ ਨੱਥੀ QR Code scan ਕਰਕੇ ਵੀ access ਕੀਤਾ ਜਾ ਸਕਦਾ ਹੈ।

5.0 ਅਧਿਆਪਕਾਂ ਦੁਆਰਾ ਵਿਦਿਆਰਥੀਆਂ ਦਾ INA/CCE ਲੈਣ ਲਈ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:

**ਛੇਵੀਂ ਅਤੇ ਸੱਤਵੀਂ ਜਮਾਤ ਦੀ ਅੰਗਰੇਜ਼ੀ ਵਿਸ਼ੇ ਦੀ CCE 20 ਅੰਕਾਂ ਦੀ ਹੋਵੇਗੀ।**

- Listening Test 6 ਅੰਕਾਂ ਦਾ ਹੋਵੇਗਾ।
- Listening Test ਲਈ ਵਿਦਿਆਰਥੀਆਂ ਨੂੰ 10 ਪ੍ਰਸ਼ਨਾਂ ਦੀ ਇੱਕ Listening ਪ੍ਰੈਕਟਿਸ ਸ਼ੀਟ ਮੁਹੱਈਆ ਕਰਵਾਈ ਜਾਵੇਗੀ।ਅਧਿਆਪਕ ਵੱਲੋਂ ਸੰਬੰਧਤ ਆਡੀਓ ਕਲਿੱਪ ਵਿਦਿਆਰਥੀਆਂ ਨੂੰ ਸੁਣਾਈ ਜਾਵੇਗੀ। ਵਿਦਿਆਰਥੀ ਇਸ ਆਡੀਓ ਕਲਿੱਪ ਨੂੰ ਸੁਣਨ ਦੌਰਾਨ ਪੁੱਛੇ ਗਏ 10 ਪ੍ਰਸ਼ਨਾਂ ਵਿੱਚੋਂ ਕੋਈ 6 ਪ੍ਰਸ਼ਨਾਂ ਦੇ ਸਹੀ ਜਵਾਬ ਦੇਣਗੇ। ਹਰ ਸਹੀ ਜਵਾਬ ਦਾ ਇੱਕ ਅੰਕ ਹੋਵੇਗਾ।
- Speaking Test 4 ਅੰਕਾਂ ਦਾ ਹੋਵੇਗਾ।
- ਵਿਦਿਆਰਥੀਆਂ ਨੂੰ ਪ੍ਰੈਕਟਿਸ ਸ਼ੀਟ ਵਿੱਚੋਂ ਫੋਟੋ ਨੂੰ ਦੇਖ ਕੇ ਘੱਟੋ-ਘੱਟ 4 ਵਾਕ ਬੋਲਣ ਨੂੰ ਕਿਹਾ ਜਾਵੇਗਾ ਜਾਂ ਸ਼ੀਟਾਂ ਵਿੱਚ ਦਿੱਤੇ ਗਏ 5 ਪ੍ਰਸ਼ਨਾਂ ਵਿੱਚੋਂ 4 ਸਹੀ ਉੱਤਰ ਦੇਣ ਨੂੰ ਕਿਹਾ ਜਾਵੇਗਾ। ਹਰ ਸਹੀ ਜਵਾਬ ਦਾ ਇੱਕ ਅੰਕ ਹੋਵੇਗਾ।
- ਜਮਾਤ ਵਿੱਚ ਵਿਦਿਆਰਥੀਆਂ ਦੀ ਕਾਰਗੁਜ਼ਾਰੀ, ਸਹਿਯੋਗ ਅਤੇ ਅਨੁਸ਼ਾਸਨ ਦੇ 02 ਅੰਕ ਹਨ।
- ਪ੍ਰੀ-ਬੋਰਡ / ਟਰਮ ਪ੍ਰੀਖਿਆ ਦੇ 02 ਅੰਕ ਹਨ।
- Notebook/Assignments/ Participation in Tests ਦੇ 06 ਅੰਕ ਹਨ।

**ਨੌਵੀਂ ਜਮਾਤ ਦਾ ਅੰਗਰੇਜ਼ੀ ਵਿਸ਼ੇ ਦੀ INA 20 ਅੰਕਾਂ ਦੀ ਹੋਵੇਗੀ।**

- Listening Test 9 ਅੰਕਾਂ ਦਾ ਹੋਵੇਗਾ।
- Listening Test ਲਈ ਵਿਦਿਆਰਥੀਆਂ ਨੂੰ 10 ਪ੍ਰਸ਼ਨਾਂ ਦੀ ਇੱਕ Listening ਪ੍ਰੈਕਟਿਸ ਸ਼ੀਟ ਮੁਹੱਈਆ ਕਰਵਾਈ ਜਾਵੇਗੀ।ਅਧਿਆਪਕ ਵੱਲੋਂ ਸੰਬੰਧਤ ਆਡੀਓ ਕਲਿੱਪ ਵਿਦਿਆਰਥੀਆਂ ਨੂੰ ਸੁਣਾਈ ਜਾਵੇਗੀ। ਵਿਦਿਆਰਥੀ ਇਸ ਆਡੀਓ ਕਲਿੱਪ ਨੂੰ ਸੁਣਨ ਦੌਰਾਨ ਪੁੱਛੇ ਗਏ 10 ਪ੍ਰਸ਼ਨਾਂ ਵਿੱਚੋਂ ਕੋਈ 9 ਪ੍ਰਸ਼ਨਾਂ ਦੇ ਸਹੀ ਜਵਾਬ ਦੇਣਗੇ। ਹਰ ਸਹੀ ਜਵਾਬ ਦਾ ਇੱਕ ਅੰਕ ਹੋਵੇਗਾ।
- Speaking Test 6 ਅੰਕਾਂ ਦਾ ਹੋਵੇਗਾ।
- ਵਿਦਿਆਰਥੀਆਂ ਨੂੰ ਪ੍ਰੈਕਟਿਸ ਸ਼ੀਟ ਵਿੱਚੋਂ ਫੋਟੋ ਨੂੰ ਦੇਖ ਕੇ ਘੱਟੋ-ਘੱਟ 3 ਵਾਕ ਬੋਲਣ ਨੂੰ ਕਿਹਾ ਜਾਵੇਗਾ ਅਤੇ ਸ਼ੀਟਾਂ ਵਿੱਚ ਦਿੱਤੇ ਗਏ 5 ਪ੍ਰਸ਼ਨਾਂ ਵਿੱਚੋਂ 3 ਸਹੀ ਉੱਤਰ ਦੇਣ ਨੂੰ ਕਿਹਾ ਜਾਵੇਗਾ । ਹਰ ਸਹੀ ਜਵਾਬ ਦਾ ਇੱਕ ਅੰਕ ਹੋਵੇਗਾ।
- ਪ੍ਰੀ-ਬੋਰਡ / ਟਰਮ ਪ੍ਰੀਖਿਆ ਦੇ 03 ਅੰਕ ਹਨ।
- ਬੁੱਕ ਬੈਂਕ: ਵਿਦਿਆਰਥੀਆਂ ਵੱਲੋਂ ਵਾਪਸ ਕੀਤੀਆਂ ਗਈਆਂ ਪੁਰਾਣੀਆਂ ਕਿਤਾਬਾਂ ਦਾ 01 ਅੰਕ ਦਿੱਤਾ ਜਾਵੇ।
- ਸਵਾਗਤ ਜ਼ਿੰਦਗੀ ਵਿਸ਼ੇ ਅਧੀਨ ਕੀਤੀਆਂ ਕਿਰਿਆਵਾਂ ਦਾ 01 ਅੰਕ ਦਿੱਤਾ ਜਾਵੇ।

**ਗਿਆਰਵੀਂ ਜਮਾਤ ਦਾ ਅੰਗਰੇਜ਼ੀ ਵਿਸ਼ੇ ਦੀ INA 20 ਅੰਕਾਂ ਦੀ ਹੋਵੇਗੀ।**

- Listening Test 9 ਅੰਕਾਂ ਦਾ ਹੋਵੇਗਾ।
- Listening Test ਲਈ ਵਿਦਿਆਰਥੀਆਂ ਨੂੰ 10 ਪ੍ਰਸ਼ਨਾਂ ਦੀ ਇੱਕ Listening ਪ੍ਰੈਕਟਿਸ ਸ਼ੀਟ ਮੁਹੱਈਆ ਕਰਵਾਈ ਜਾਵੇਗੀ।ਅਧਿਆਪਕ ਵੱਲੋਂ ਸੰਬੰਧਤ ਆਡੀਓ ਕਲਿੱਪ ਵਿਦਿਆਰਥੀਆਂ ਨੂੰ ਸੁਣਾਈ ਜਾਵੇਗੀ। ਵਿਦਿਆਰਥੀ ਇਸ ਆਡੀਓ ਕਲਿੱਪ ਨੂੰ ਸੁਣਨ ਦੌਰਾਨ ਪੁੱਛੇ ਗਏ 10 ਪ੍ਰਸ਼ਨਾਂ ਵਿੱਚੋਂ ਕੋਈ 9 ਪ੍ਰਸ਼ਨਾਂ ਦੇ ਸਹੀ ਜਵਾਬ ਦੇਣਗੇ। ਹਰ ਸਹੀ ਜਵਾਬ ਦਾ ਇੱਕ ਅੰਕ ਹੋਵੇਗਾ।
- Speaking Test 6 ਅੰਕਾਂ ਦਾ ਹੋਵੇਗਾ।
- ਇਸ ਕਿਰਿਆ ਵਿੱਚ ਵਿਦਿਆਰਥੀ ਨੂੰ ਵਰਕਸ਼ੀਟ ਅਧਾਰਿਤ ਕੋਈ ਸਥਿਤੀ/ਕਿਊ ਕਾਰਡ/ਤਸਵੀਰ ਦਿੱਤੀ ਜਾਵੇਗੀ ਅਤੇ ਉਹਨਾਂ ਨੂੰ ਇਸ ਸੰਬੰਧੀ ਵਾਕ ਬੋਲਣ ਲਈ ਕਿਹਾ ਜਾਵੇਗਾ ਜਿਸਦੀ ਬਣਤਰ (sentence structure),ਉਚਾਰਣ(Pronunciation) ਅਤੇ ਹਾਵ-ਭਾਵ(expression)ਦੇ ਅਧਾਰ ਤੇ ਮੁਲਾਂਕਣ ਕੀਤਾ ਜਾਵੇਗਾ।
- ਪ੍ਰੀ-ਬੋਰਡ / ਟਰਮ ਪ੍ਰੀਖਿਆ ਦੇ 03 ਅੰਕ ਹਨ।
- ਬੁੱਕ ਬੈਂਕ: ਵਿਦਿਆਰਥੀਆਂ ਵੱਲੋਂ ਵਾਪਸ ਕੀਤੀਆਂ ਗਈਆਂ ਪੁਰਾਣੀਆਂ ਕਿਤਾਬਾਂ ਦਾ 01 ਅੰਕ ਦਿੱਤਾ ਜਾਵੇ।
- ਸਵਾਗਤ ਜ਼ਿੰਦਗੀ ਵਿਸ਼ੇ ਅਧੀਨ ਕੀਤੀਆਂ ਕਿਰਿਆਵਾਂ ਦਾ 01 ਅੰਕ ਦਿੱਤਾ ਜਾਵੇ।

6.0 ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

ਅਮਨਿੰਦਰ ਕੌਰ, ਪੀ.ਸੀ.ਐਸ.
ਡਾਇਰੈਕਟਰ
ਐਸ.ਸੀ.ਈ.ਆਰ.ਟੀ., ਪੰਜਾਬ

ਪਿੰਠ ਅੰਕਣ ਨੰਬਰ: ਉਕਤ    ਮਿਤੀ: 27.01.25

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:

1. ਸਮੂਹ ਸਕੂਲ ਮੁੱਖੀ/ਇੰਚਾਰਜ(ਮਿਡਲ,ਹਾਈ,ਸੀਨੀਅਰ ਸੈਕੰਡਰੀ) ਪੰਜਾਬ।
2. ਡੀ.ਐਮ., ਐੱਮ.ਆਈ.ਐੱਸ. ਨੂੰ ਵੈਬਸਾਈਟ ਤੇ ਪਾਉਣ ਹਿੱਤ।

ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ., ਪੰਜਾਬ।